# ਤਹ ਹਮ ਅਧਿਕ ਤਪੱਸਿਆ ਸਾਧੀ

ਗੁਰੂ ਗੋਬਿੰਦ ਸਿੰਘ ਜੀ

ਗਾਈਡ ਮੈਪ - ਯਾਤਰਾ ਗੁਰਦੁਆਰਾ ਹੇਮਕੁੰਟ ਸਾਹਿਬ




ਯਾਤਰਾ ਦਾ ਸਮਾਂ ਜੂਨ ਸ਼ੁਰੂ ਤੋਂ ਅਕਤੂਬਰ ਸ਼ੁਰੂ ਤੱਕ

ਫੁੱਲਾਂ ਦੀ ਘਾਟੀ ਜੁਲਾਈ ਮੱਧ ਤੋਂ ਸਤੰਬਰ



ਹਿਮਾਚਲ
ਅੰਮ੍ਰਿਤਸਰ (Amritsar)
ਚੰਡੀਗੜ੍ਹ
(Chandigarh)
ਜਲੰਧਰ (Jalandhar)
ਫਗਵਾੜਾ (Phagwara)
ਨਵਾਂ ਸ਼ਹਿਰ
ਸ਼ਿਮਲਾ
ਰੂਪ ਨਗਰ
ਲੁਧਿਆਣਾ (Ludhiana)
ਖਰੜ
ਸਰਹਿੰਦ (Sirhind)
ਪੰਜਾਬ
ਅੰਬਾਲਾ (Ambala)
ਜਗਾਧਰੀ
(Jagadhari)
ਕਰਨਾਲ (Karnal)
ਪਾਨੀਪਤ (Panipat)
ਸੋਨੀਪਤ (Sonipat)
ਹਰਿਆਣਾ
ਦਿੱਲੀ (Delhi)



ਹੇਮਕੁੰਡ ਸਾਹਿਬ
ਉੱਤ੍ਰਾਂਚਲ
(Kedarnath)
(Mussorie)
(Dehra Dun)
(Rishikesh)
(Roorkee)
(Devprayag)
(Sri Nagar)
(Rudraprayag)
(Karanprayag)
(Gobind Dham)
(Gobind Ghat)
(Vishnu Prayag)
(Joshi Math)
(Pipal Koti)
(Nand Prayag)
(Choukhutia)
(Ranikhet)
ਹਰਿਦੁਆਰ
(Haridwar)
ਨੈਨੀਤਾਲ (Nainital)
(Kathgodam)
ਯੂ.ਪੀ.
(Pantnagar)
(Hapur)
(Rampur)
(Bareily)




# ਗੁਰਦੁਆਰਾ ਹੇਮਕੁੰਟ ਸਾਹਿਬ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਮਹਾਨ ਰਚਨਾਵਾਂ ਵਿੱਚੋਂ ਇਕ "ਬਚਿੱਤਰ ਨਾਟਕ" ਵਿੱਚ ਇਸ ਅਸਥਾਨ ਵੱਲ ਇਸ਼ਾਰਾ ਕਰਦੇ ਹੋਏ ਫੁਰਮਾਉਂਦੇ ਹਨ:

**ਅਬ ਮੈ ਅਪਨੀ ਕਥਾ ਬਖਾਨੋ।**[1]

(ਹੁਣ ਮੈਂ ਆਪਣੀ ਕਥਾ ਬਖਿਆਨ ਕਰਦਾ ਹਾਂ)

**ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥**

(ਹਿਮਾਲਿਆ ਪਰਬਤਾਂ ਦੀ ਲੜੀ ਵਿੱਚ "ਸਪਤ ਸ੍ਰਿੰਗ" ਪਰਬਤਾਂ ਵਿੱਚ ਹੇਮਕੁੰਟ ਪਰਬਤ ਸੁਭਾਇਮਾਨ ਹੈ)

**ਤਹ ਹਮ ਅਧਿਕ ਤਪੱਸਿਆ ਸਾਧੀ।**

(ਉਸ ਅਸਥਾਨ 'ਤੇ ਅਸੀਂ ਪੂਰਬਲੇ ਜਨਮ ਵਿੱਚ ਅਕਾਲ ਪੁਰਖ ਦੀ ਭਾਰੀ ਤਪੱਸਿਆ ਕੀਤੀ)

**ਤਿਨ ਪ੍ਰਭ ਜਬ ਆਇਸੁ ਮੁਹਿ ਦੀਆ।**
**ਤਬ ਹਮ ਜਨਮ ਕਲੂ ਮਹਿ ਲੀਆ।**

(ਉਸ ਪ੍ਰਭੂ ਨੇ ਜਦੋਂ ਮੈਨੂੰ ਆਗਿਆ ਦਿੱਤੀ ਤਦੋਂ ਅਸੀਂ ਕਲਜੁਗ ਵਿੱਚ ਜਨਮ ਲਿਆ)

ਗੁਰੂ ਸਾਹਿਬ ਦੁਆਰਾ ਉਚਾਰੀ ਉਪਰੋਕਤ ਬਾਣੀ ਦੇ ਆਧਾਰ 'ਤੇ ਸਿੱਖ-ਸੰਗਤਾਂ ਦੀ ਮਦਦ ਨਾਲ ਕੁਝ ਗੁਰਸਿੱਖਾਂ (ਸੰਤ ਸੋਹਣ ਸਿੰਘ ਜੀ

..................................

1 ਇਹ ਤੁਕਾਂ ਬਚਿੱਤਰ ਨਾਟਕ ਗ੍ਰੰਥ ਵਿੱਚੋਂ ਲਈਆਂ ਗਈਆਂ ਹਨ ਅਤੇ ਅਸਲ ਵਾਂਗ ਤਰਤੀਬਵਾਰ ਨਹੀਂ ਹਨ।

ਟੀਹਰੀ ਵਾਲੇ, ਹਵਾਲਦਾਰ ਮੋਦਨ ਸਿੰਘ ਜੀ, ਭਾਈ ਵੀਰ ਸਿੰਘ ਜੀ ਆਦਿ) ਨੇ ਇਸ ਪਵਿੱਤਰ ਅਸਥਾਨ ਦੀ ਖੋਜ ਸ਼ੁਰੂ ਕੀਤੀ। ਸੰਮਤ ਨਾਨਕਸ਼ਾਹੀ 465-66 (ਸੰਨ 1933-34 ਈ:) ਵਿੱਚ ਸੰਗਤਾਂ ਦੀ ਮਦਦ ਅਤੇ ਗੁਰੂ-ਬਖਸ਼ਿਸ਼ ਸਦਕਾ ਉਪਰੋਕਤ ਸਿੱਖ ਇਸ ਅਸਥਾਨ 'ਤੇ ਪਹੁੰਚਣ ਵਿੱਚ ਕਾਮਯਾਬ ਹੋਏ। ਸੰਮਤ ਨਾਨਕਸ਼ਾਹੀ 468 (ਸੰਨ 1936 ਈ:) ਦੇ ਆਸ-ਪਾਸ ਸਿੱਖ ਸੰਗਤਾਂ ਨੇ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦੋਂ, ਸੰਮਤ ਨਾਨਕਸ਼ਾਹੀ 469 (ਅਗਸਤ-ਸਤੰਬਰ, ਸੰਨ 1937 ਈ:) ਵਿੱਚ ਕੀਤਾ ਗਿਆ।

ਸਾਲ ਵਿੱਚੋਂ 4-5 ਮਹੀਨੇ ਬਰਫ ਨਾਲ ਲੱਦੀਆਂ ਅਤੇ ਅਸਮਾਨ ਛੂੰਹਦੀਆਂ ਪਹਾੜੀ ਚੋਟੀਆਂ ਵਿੱਚ ਘਿਰਿਆ ਇਹ ਪਵਿੱਤਰ ਅਸਥਾਨ ਸਮੁੰਦਰ ਤਲ ਤੋਂ ਅੰਦਾਜ਼ਨ 15,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਭਰ ਸਰਦੀਆਂ ਦੀ ਰੁੱਤ ਵਿੱਚ ਕਈ-ਕਈ ਵਾਰ ਤਾਂ 30-35 ਫੁੱਟ ਤਕ ਬਰਫ ਪੈ ਜਾਂਦੀ ਹੈ। ਇਹ ਅਸਥਾਨ ਚੀਨ ਦੇ ਬਾਰਡਰ ਤੋਂ ਅੰਦਾਜ਼ਨ 35-40 ਕਿਲੋਮੀਟਰ ਦੀ ਦੂਰੀ 'ਤੇ ਹੈ। ਤਿੰਨ ਪਾਸੇ ਹੇਮਕੁੰਟ ਪਰਬਤਮਾਲਾ ਦੇ ਸਪਤਸ੍ਰਿੰਗ ਪਰਬਤ ਦੀਆਂ ਸੱਤ ਚੋਟੀਆਂ (1. ਰੁਦਰ ਹਿਮਾਲਿਆ 2. ਬਿਸ਼ਨਪੁਰੀ 3. ਉਦਗਾਰੀ ਕੰਠ 4. ਸਰਗਾ ਰੋਹਣ 5. ਬ੍ਰਹਮਪੁਰੀ 6. ਮੇਰ 7. ਸੁਮੇਰ) ਹਨ ਅਤੇ ਚੌਥੇ ਪਾਸੇ ਨੀਲਕੰਠ ਪਰਬਤ ਸਥਿਤ ਹੈ। ਪਵਿੱਤਰ ਸਰੋਵਰ ਦੀ ਪਰਕਰਮਾ ਲੱਗਭਗ ਸਵਾ ਤੋਂ ਡੇਢ ਕਿ.ਮੀ. ਹੈ। ਸਰੋਵਰ ਦਾ ਜਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ।



ਯਾਤਰਾ ਸਮੇਂ ਖਾਣ-ਪੀਣ ਦੀਆਂ ਦੁਕਾਨਾਂ 'ਤੇ ਹਰ ਚੀਜ਼ ਦੀ ਕੀਮਤ ਬਹੁਤ ਜਿਆਦਾ ਹੁੰਦੀ ਹੈ। ਇਸਲਈ ਕੋਈ ਵੀ ਚੀਜ਼ ਖ਼੍ਰੀਦਣ ਤੋਂ

## ਕੁਝ ਮਹੱਤਵਪੂਰਨ ਜਾਣਕਾਰੀਆਂ

ਜ਼ਿਲ੍ਹਾ : ਚਮੋਲੀ — ਪਿੰਨ ਕੋਡ : 249401
ਪ੍ਰਾਂਤ : ਉਤ੍ਰਾਖੰਡ — ਐੱਸ.ਟੀ.ਡੀ. : 01372

| | | | |
|---|---|---|---|
| ਨਜ਼ਦੀਕੀ ਏਅਰਪੋਰਟ | : ਜੌਲੀਗ੍ਰਾਂਟ | 307 | ਕਿ.ਮੀ. |
| ਨਜ਼ਦੀਕੀ ਰੇਲਵੇ ਸਟੇਸ਼ਨ | : ਰਿਸ਼ੀਕੇਸ਼ | 293 | ਕਿ.ਮੀ. |
| ਨਜ਼ਦੀਕੀ ਪਟਰੋਲ ਪੰਪ | : ਜੋਸ਼ੀਮੱਠ | 15-20 | ਕਿ.ਮੀ. |
| ਨਜ਼ਦੀਕੀ ਪਟਰੋਲ ਪੰਪ | : ਪੀਪਲਕੋਟੀ | 74 | ਕਿ.ਮੀ. |
| ਨਜ਼ਦੀਕੀ ਪੋਸਟ ਆਫਿਸ | : ਗੋਬਿੰਦਘਾਟ | | |
| ਸਥਿਤੀ | : 30°41'55.32"N 79°37'08.40"E | | |
| ਤਾਪਮਾਨ | : (ਵੱਧ) 7-10° (ਘੱਟ) 1.5-2° ਸੈਲ. | | |

## ਹੇਮਕੁੰਟ ਸਾਹਿਬ

| | | |
|---|---|---|
| ਗੋਬਿੰਦ ਧਾਮ ਤੋਂ | : 6 | ਕਿ.ਮੀ. (ਪੈਦਲ ਯਾਤਰਾ) |
| ਗੋਬਿੰਦ ਘਾਟ ਤੋਂ | : 19 | ਕਿ.ਮੀ. (ਪੈਦਲ ਯਾਤਰਾ) |
| ਰਿਸ਼ੀਕੇਸ਼ ਤੋਂ | : 294 | ਕਿ.ਮੀ. |
| ਹਰਿਦੁਆਰ ਤੋਂ | : 319 | ਕਿ.ਮੀ. |
| ਅੰਮ੍ਰਿਤਸਰ ਤੋਂ | : 730 | ਕਿ.ਮੀ. |
| ਦਿੱਲੀ ਤੋਂ | : 639 | ਕਿ.ਮੀ. |

## ਨਜ਼ਦੀਕੀ ਏ.ਟੀ.ਐੱਮ.

ਸਟੇਟ ਬੈਂਕ ਆਫ ਇੰਡੀਆ : ਬਦਰੀਨਾਥ (ਤਕਰੀਬਨ 18-20 ਕਿ.ਮੀ.)

## ਨਾਲ ਲਿਜਾਣ ਲਈ ਜ਼ਰੂਰੀ ਸਾਮਾਨ

ਰੇਨ ਕੋਟ, ਫਸਟ-ਏਡ ਕਿੱਟ, ਵਿੰਡ ਸ਼ੀਟਰ, ਪਾਣੀ ਦੀ ਬੋਤਲ, ਸਵੈਟਰ, ਟਾਰਚ ਅਤੇ ਸੈੱਲ (ਗੋਬਿੰਦ ਧਾਮ 'ਤੇ ਬਿਜਲੀ ਦਾ ਪ੍ਰਬੰਧ ਰਾਤ 10.00 ਵਜੇ ਤਕ ਹੀ ਹੁੰਦਾ ਹੈ ਸੋ ਟਾਰਚ ਬਹੁਤ ਜ਼ਰੂਰੀ ਹੈ), ਦਸਤਾਨੇ, ਗੁਲੂਬੰਦ, ਕੱਪੜੇ ਦੇ ਬੂਟ, ਕੈਂਚੀ ਚੱਪਲ ਆਦਿ।

## ਨਜ਼ਦੀਕੀ ਹਿੱਲ ਸਟੇਸ਼ਨ

- **ਨੈਨੀਤਾਲ:** ਰਿਸ਼ੀਕੇਸ਼ ਤੋਂ ਹੇਮਕੁੰਟ ਸਾਹਿਬ ਦੇ ਰਸਤੇ ਵਿਚ ਕਰਨਪ੍ਰਯਾਗ ਤੋਂ ਸੱਜੇ ਮੁੜ ਕੇ ਇਹ ਹਿਲ ਸਟੇਸ਼ਨ ਆਉਂਦਾ ਹੈ। ਨੈਨੀਤਾਲ ਤੋਂ 15-20 ਕਿ.ਮੀ. ਅੱਗੇ ਰੇਲਵੇ ਸਟੇਸ਼ਨ ਕਾਠਗੋਦਾਮ ਹੈ ਜਿੱਥੋਂ ਅੱਗੇ ਦਿੱਲੀ ਤਕ ਰੇਲ ਗੱਡੀ ਦੁਆਰਾ ਜਾਇਆ ਜਾ ਸਕਦਾ ਹੈ।

NAGI
DIAMOND JEWELLERS
A22, Lawrence Road, Amritsar-01 (INDIA)
Phone : 0183-2225737-38

| Train No | Train Name | Source Sta & Time | | Destination | Runs On |
|---|---|---|---|---|---|
| 4120 | DDN KGM EXPRESS | Dehradun (22.30) | Haridwar (23:55) | Kathgodam (7:15) | All Days |
| 5014 | Ranikhet Express | Kathgodam 20:40 | | Delhi Rohilla 4:30 | All Days |

- **ਮਸੂਰੀ :** ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ ਨੇਪਾਲੀ ਫਾਰਮ ਚੌਂਕ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 65-70 ਕਿ.ਮੀ. ਅੱਗੇ ਹੈ। ਜਾਂ ਚੰਡੀਗੜ੍ਹ-ਪਾਉਂਟਾ ਸਾਹਿਬ-ਦੇਹਰਾਦੂਨ ਤੋਂ ਅੱਗੇ ਖੱਬੇ ਹੱਥ ਤਕਰੀਬਨ 25-30 ਕਿ.ਮੀ. ਅੱਗੇ ਇਹ ਹਿਲ ਸਟੇਸ਼ਨ ਆਉਂਦਾ ਹੈ।

# ਹਰਿਦੁਆਰ

ਜ਼ਿਲ੍ਹਾ : ਹਰਿਦੁਆਰ | ਪਿੰਨ ਕੋਡ : 249401
ਪ੍ਰਾਂਤ : ਉਤ੍ਰਾਖੰਡ | ਐੱਸ.ਟੀ.ਡੀ. : 01334

ਯਾਤਰੂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਲਈ ਵੱਖ-ਵੱਖ ਸਟੇਸ਼ਨਾਂ ਤੋਂ ਚੱਲ ਕੇ ਪਹਿਲਾਂ ਤਕਰੀਬਨ ਹਰਿਦੁਆਰ ਤਕ ਹੀ ਆਉਂਦੇ ਹਨ। ਇਥੇ ਸੰਗਤਾਂ ਦੇ ਵਿਸ਼ਰਾਮ ਲਈ ਤਿੰਨ ਗੁਰਦੁਆਰੇ ਹਨ।

1. **ਪਹਿਲਾ ਗੁਰਦੁਆਰਾ** ਰੇਲਵੇ ਸਟੇਸ਼ਨ ਦੀ ਬੈਕ ਸਾਈਡ ’ਤੇ ਹੈ। ਇਹ ਗੁਰਦੁਆਰਾ ਤਕਰੀਬਨ 30-32 ਸਾਲ ਪੁਰਾਣਾ ਹੈ। ਰੇਲ ਗੱਡੀ ਤੋਂ ਉਤਰ ਕੇ ਮੇਨ ਰੋਡ ਵੱਲ ਜਾਣ ਦੀ ਬਜਾਏ ਪਿਛਲੇ ਪਾਸੇ ਆਫੀਸਰਜ਼ ਰੈਸਟ ਹਾਊਸ ਵੱਲੋਂ ਨਿਕਲ ਕੇ ਸੱਜੇ ਹੱਥ ਦੂਸਰੀ ਗਲੀ ਵਿਚ ਸਥਿਤ ਹੈ। ਇਸ ਦੀ ਸੇਵਾ ਹੇਮਕੁੰਟ ਸਾਹਿਬ ਟਰੱਸਟ ਨਿਭਾ ਰਿਹਾ ਹੈ। ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਇਥੋਂ ਤਕ ਪੈਦਲ ਹੀ ਸਿਰਫ 5-10 ਮਿੰਟ ਵਿੱਚ ਪਹੁੰਚਿਆ ਜਾ ਸਕਦਾ ਹੈ।
2. **ਦੂਸਰਾ ਗੁਰਦੁਆਰਾ** ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਸਟੇਸ਼ਨ ਤੋਂ ਲਲਤਾਰਾ (ਲਲਤਾਰੋ) ਪੁਲ ਵੱਲ ਜਾਂਦਿਆਂ, ਪੁਲ ਤੋਂ ਖੱਬੇ ਹੱਥ ਮੁੜ ਕੇ, ਅਤੇ ਫਿਰ ਖੱਬੇ ਹੱਥ ਮੁੜ ਕੇ ਹੈ। ਇਹ ਵੀ ਰੇਲਵੇ ਸਟੇਸ਼ਨ ਤੋਂ ਪੈਦਲ 15-20 ਮਿੰਟ ਦੀ ਦੂਰੀ ’ਤੇ ਹੈ।
3. **ਤੀਸਰਾ ਗੁਰਦੁਆਰਾ** (ਸ੍ਰੀ ਨਾਨਕ ਪੁਰਾ ਆਸ਼ਰਮ) ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਗੰਗਾ ਘਾਟ ਤੋਂ ਪਾਰ ਸਪਤਰਿਸ਼ੀ ਮਾਰਗ


ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ (ਹੇਮਕੁੰਟ ਸਾਹਿਬ ਟ੍ਰਸਟ)
ਬੈਕ ਸਾਈਡ ਰੇਲਵੇ ਸਟੇਸ਼ਨ, ਹਰਿਦੁਆਰ

'ਤੇ ਸਥਿਤ ਹੈ ਅਤੇ ਸਟੇਸ਼ਨ ਤੋਂ ਤਕਰੀਬਨ 5.00 ਕਿ.ਮੀ. ਦੀ ਦੂਰੀ 'ਤੇ ਹੈ। ਇਸ ਦੀ ਸੇਵਾ ਸੰਤ ਬਾਬਾ ਜੈਮਲ ਸਿੰਘ ਜੀ ਦੀ ਗੱਦੀ 'ਤੇ ਸੰਤ ਬਾਬਾ ਬਚਨ ਸਿੰਘ ਜੀ ਭੂਰੀ ਵਾਲੇ ਨਿਭਾ ਰਹੇ ਹਨ।

ਇਹ ਗੁਰਦੁਆਰਾ ਤਕਰੀਬਨ 40 ਸਾਲ ਪੁਰਾਣਾ ਹੈ। ਸੰਗਤ ਦੇ ਠਹਿਰਨ ਲਈ 40 ਤੋਂ 50 ਕਮਰੇ ਅਤੇ 5 ਹਾਲ ਹਨ। ਲੰਗਰ ਤਕਰੀਬਨ 24 ਘੰਟੇ ਚਲਦਾ ਹੈ।

4. **ਚੌਥਾ ਗੁਰਦੁਆਰਾ** ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੈ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਮੁਤਾਬਕ ਗੁਰੂ ਸਾਹਿਬ ਇਥੇ ਅਨੇਕਾਂ ਵਾਰ ਆਏ ਅਤੇ ਸਤੀ ਪ੍ਰਥਾ ਦਾ ਅੰਤ ਵੀ ਗੁਰੂ ਸਾਹਿਬ ਨੇ ਇਸੇ ਜਗ੍ਹਾ 'ਤੇ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਫੁਰਮਾਇਆ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨ੍ਹਿ॥* (ਪੰਨਾ 787)

ਇਹ ਗੁਰਦੁਆਰਾ ਕਨਖਲ (ਹਰਿਦੁਆਰ) ਵਿਖੇ ਸਤੀ ਘਾਟ ਦੇ ਬਿਲਕੁਲ ਨਾਲ ਗੰਗਾ ਦੇ ਕਿਨਾਰੇ ਸਥਿਤ ਹੈ। ਗੁ: ਸਾਹਿਬ ਦੀ ਸੇਵਾ ਨਿਰਮਲੇ ਪ੍ਰਥਾ ਵਿੱਚ ਗਿਆਨੀ ਦਵਿੰਦਰ ਸਿੰਘ ਜੀ ਜੰਮੂ ਵਾਲੇ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਇੰਤਜ਼ਾਮ ਨਹੀਂ ਹੈ।

ਹਰਿਦੁਆਰ ਤੋਂ ਰਿਸ਼ੀਕੇਸ਼ ਦੇ ਬੱਸ ਅੱਡੇ ਤਕ ਲੋਕਲ ਬੱਸਾਂ ਜਾਂ ਆਟੋਰਿਕਸ਼ਾ (ਵਿਕਰਮ) ਰਾਹੀਂ ਅੰਦਾਜ਼ਨ ਅੱਧੇ ਘੰਟੇ ਵਿੱਚ ਜਾਇਆ ਜਾ


With Best Compliments From:
Ph : 2581186
Associated INDUSTRIAL CORPN.
MFRS & EXPORTERS
Corrugated Board &
Box Making Machinery
271, East Mohan Nagar, Amritsar




ਸਕਦਾ ਹੈ (ਪਰ ਅੱਜਕਲ੍ਹ ਟ੍ਰੈਫਿਕ ਦੀ ਸਮੱਸਿਆ ਬਹੁਤ ਵਧ ਗਈ ਹੈ, ਕਈ-ਕਈ ਵਾਰ ਤਾਂ 1.30 ਤੋਂ 2 ਘੰਟੇ ਵੀ ਲੱਗ ਜਾਂਦੇ ਹਨ)। ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ (NH 58) ਹਰਿਦੁਆਰ ਤੋਂ 12-13 ਕਿ.ਮੀ. ਦੀ ਦੂਰੀ 'ਤੇ ਰਸਤੇ ਵਿੱਚ ਡੋਈਵਾਲਾ (ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ) ਤੋਂ ਖੱਬੇ ਹੱਥ, ਰਸਤਾ ਦੇਹਰਾਦੂਨ (NH 72), ਮਨਸੂਰੀ, ਇਤਿਹਾਸਕ ਗੁਰਦੁਆਰਾ ਪਾਉਂਟਾ ਸਾਹਿਬ, ਸ਼ਿਮਲੇ ਅਤੇ ਚੰਡੀਗੜ੍ਹ ਵੱਲ ਮਿਲਦਾ ਹੈ। ਡੋਈਵਾਲਾ ਤੋਂ ਦੇਹਰਾਦੂਨ ਅੰਦਾਜ਼ਨ 40 ਕਿ.ਮੀ. ਅਤੇ ਦੇਹਰਾਦੂਨ ਤੋਂ ਪਾਉਂਟਾ ਸਾਹਿਬ ਅੰਦਾਜ਼ਾਨ 50 ਕਿ.ਮੀ. ਹੈ।

## ਜ਼ਰੂਰੀ ਫੋਨ ਨੰਬਰ ਐੱਸ.ਟੀ.ਡੀ. ਕੋਡ : 01334

| | |
|---|---|
| ਗੁ: ਸਾਹਿਬ ਹੇਮਕੁੰਟ ਟਰੱਸਟ | : 227749 |
| ਗੁ: ਸਾਹਿਬ ਲਲਤਾਰੋ ਪੁਲ | : 228760 |
| ਗੁ: ਸਾਹਿਬ ਸਪਤ ਰਿਸ਼ੀ ਮਾਰਗ | : 98376-51045, 260202 |
| ਗੁ: ਸਾਹਿਬ ਗੁਰੂ ਅਮਰਦਾਸ ਜੀ | : 98973-49321 |
| DC Haridwar | : 239440, 239554 |
| Distt. Magistrate | : 226400, 221663 |
| Ambulance | |
| City Hospital | : 220182 |
| Civil Hospital | : 227791 |
| Fire Brigade (Mayapur) | : 101, 227007 |

With Best Compliments From:

S. Sukhwinder Singh

86, East Mohan Nagar, Amritsar
Phone : 2582876



## Police

| | |
|---|---|
| SSP Haridwar | : 239777, 239866 |
| SP City Haridwar | : 224922 |
| Police Control Room | : 100, 108, 223980, 225900 |
| Kotwali | : 265874 |
| Railway Enquiry | : 131, 227197 |
| Roadways Enquiry | : 227037 |
| Air Booking | : 228672, 227266 |
| Lions Club | : 98370-28115, 251475 |
| Sewa Smiti | : 227052 |

NAGI
DIAMOND JEWELLERS
KUNDAN - PEARL - DIAMOND - GOLD



## Hospitals

City Hospital : 220180-82

Harmilap Rajkiy Govt. Hospital (Near Kotwali) : 2430402

## ATM's

**State Bank of India**

1. Chitra Cinema
2. Shantikunj
3. Anchal Emp. Ranipur, Ranipur Mod

**Punjab National Bank**

1. Railway Station
2. Police Lines, HARDWAR
3. Sapt Rishi Ashram, Sapt Rishi Ashram Road


916 Hallmark Jewellery

Certified Diamond

NAGI DIAMOND JEWELLERS

**HDFC Bank**

1. 313/8, Civil Lines, Haridwar Road, Roorkee
2. 3, Hero Honda Premises, Sector 10, 11 E, Sidcul, Ind. Area
3. Ranipur More, Village Shekhupura, Opposite Liberty Showroom

**Bank of Baroda**

1. Upper Road
2. Chandra Charya Chowk Ph: 01334-226041
3. T-123, Shivalik Nagar

**ICICI Bank**

1. 7C, Awas Vikas, Ground Flr., Delhi Road
2. S - 24, Shivalik Nagar

**State Bank of Patiala**

Haridwar Station Road, Near Hotel Himgiri

## ਗੱਡੀਆਂ[1] ਅੰਮ੍ਰਿਤਸਰ ਤੋਂ ਹਰਿਦੁਆਰ

| ਗੱਡੀ ਨੰਬਰ 2054<br>ਗੱਡੀ ਦਾ ਨਾਮ ASR HW JNSHTBDI<br>ਅੰਮ੍ਰਿਤਸਰ ਤੋਂ ਹਰਿਦੁਆਰ | ਚੱਲਣ ਦੇ ਦਿਨ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ | ਐਤ |
|---|---|---|---|---|---|---|---|---|
| | | ਹਾਂ | ਹਾਂ | ਹਾਂ | ਨਹੀਂ | ਹਾਂ | ਹਾਂ | ਹਾਂ |

| ਸਟੇਸ਼ਨ ਦਾ ਨਾਮ | ਪਹੁੰਚਣ ਦਾ ਸਮਾਂ | ਤੁਰਨ ਦਾ ਸਮਾਂ | ਫਾਸਲਾ |
|---|---|---|---|
| ਅੰਮ੍ਰਿਤਸਰ | | 07:00 | 0 |
| ਬਿਆਸ | 07:28 | 07:30 | 43 |
| ਜਲੰਧਰ | 08:05 | 08:10 | 79 |
| ਲੁਧਿਆਣਾ | 09:05 | 09:10 | 136 |
| ਅੰਬਾਲਾ ਕੈਂਟ | 10:55 | 11:00 | 250 |
| ਜਗਾਧਰੀ | 11:42 | 11:44 | 301 |
| ਸਹਾਰਨਪੁਰ | 12:20 | 12:25 | 331 |
| ਰੁੜਕੀ | 12:53 | 12:55 | 366 |
| ਹਰਿਦੁਆਰ | 13:55 | | 411 |

| ਗੱਡੀ ਨੰਬਰ 4632<br>ਗੱਡੀ ਦਾ ਨਾਮ ASR DDN XPRESS<br>ਅੰਮ੍ਰਿਤਸਰ ਤੋਂ ਦੇਹਰਾਦੂਨ | ਚੱਲਣ ਦੇ ਦਿਨ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ | ਐਤ |
|---|---|---|---|---|---|---|---|---|
| | | ਹਾਂ | ਹਾਂ | ਹਾਂ | ਹਾਂ | ਹਾਂ | ਹਾਂ | ਹਾਂ |

| ਸਟੇਸ਼ਨ ਦਾ ਨਾਮ | ਪਹੁੰਚਣ ਦਾ ਸਮਾਂ | ਤੁਰਨ ਦਾ ਸਮਾਂ | ਫਾਸਲਾ |
|---|---|---|---|
| ਅੰਮ੍ਰਿਤਸਰ | | 22:15 | 0 |

1 ਗੱਡੀਆਂ ਦੇ ਨਾਮ ਅਤੇ ਟਾਈਮ-ਟੇਬਲ ਭਾਰਤੀ ਰੇਲਵੇ ਦੀ ਵੈੱਬਸਾਈਟ (http://www.indianrail.gov.in/) 'ਤੇ ਆਧਾਰਿਤ ਹਨ।

With Best Compliments From:
Dr. Baljit Singh
AMRITSAR Polyclinic
Street # 2, Gobind Nagar, S.W. Road, Amritsar
Mobile : 98146-98398

| | | | |
|---|---|---|---|
| ਬਿਆਸ | 22:50 | 22:52 | 43 |
| ਜਲੰਧਰ ਸ਼ਹਿਰ | 23:37 | 23:45 | 79 |
| ਫਗਵਾੜਾ | 00:07 | 00:09 | 100 |
| ਲੁਧਿਆਣਾ | 01:20 | 01:30 | 136 |
| ਖੰਨਾ | 02:05 | 02:07 | 178 |
| ਸਰਹੰਦ | 02:25 | 02:26 | 196 |
| ਰਾਜਪੁਰਾ | 02:43 | 02:45 | 222 |
| ਅੰਬਾਲਾ ਕੈਂਟ | 03:15 | 03:25 | 250 |
| ਜਗਾਧਰੀ | 04:08 | 04:10 | 301 |
| ਸਹਾਰਨਪੁਰ | 05:00 | 05:10 | 331 |
| ਰੁੜਕੀ | 05:40 | 05:42 | 366 |
| ਹਰਿਦੁਆਰ | 07:30 | 08:10 | 411 |
| ਮੋਤੀਚੂਰ | 08:17 | 08:19 | 416 |
| ਰਾਇਵਾਲਾ | 08:38 | 08:40 | 422 |
| ਦੇਹਰਾਦੂਨ | 10:05 | ਪਹੁੰਚ ਸਥਾਨ | 463 |

ਗੱਡੀ ਨੰਬਰ 4632 ਅੰਮ੍ਰਿਤਸਰ ਤੋਂ ਦੇਹਰਾਦੂਨ ਤਕ ਜਾਂਦੀ ਹੈ। ਜਿਹੜੇ ਯਾਤਰੂ ਬਗੈਰ ਹਰਿਦੁਆਰ ਰੁਕਿਆਂ ਸਿੱਧੇ ਰਿਸ਼ੀਕੇਸ਼ ਜਾਣਾ ਚਾਹੁੰਦੇ ਹਨ ਉਹ ਅੰਮ੍ਰਿਤਸਰ ਤੋਂ ਰਾਇਵਾਲਾ (ਰਾਇਵਾਲਾ ਹਰਿਦੁਆਰ-ਰਿਸ਼ੀਕੇਸ਼ ਮਾਰਗ 'ਤੇ ਸਥਿਤ ਹੈ) ਤਕ ਇਸ ਗੱਡੀ 'ਤੇ ਜਾ ਸਕਦੇ ਹਨ। ਰਾਇਵਾਲਾ ਤੋਂ ਰਿਸ਼ੀਕੇਸ਼ ਦਾ ਗੁਰਦੁਆਰਾ ਸਾਹਿਬ ਸਿਰਫ 12-14 ਕਿ.ਮੀ. ਹੈ। ਆਟੋ (ਵਿਕਰਮ) ਇਸੇ ਸੜਕ ਤੋਂ ਆਮ ਮਿਲ ਜਾਂਦੇ ਹਨ।

# ਗੁਰਦੁਆਰਾ ਪਾਉਂਟਾ/ਪਾਂਵਟਾ ਸਾਹਿਬ

ਜ਼ਿਲ੍ਹਾ : ਸਿਰਮੌਰ — ਪਿੰਨ ਕੋਡ : 173025
ਪ੍ਰਾਂਤ : ਹਿਮਾਚਲ ਪ੍ਰਦੇਸ਼ — ਐੱਸ.ਟੀ.ਡੀ.: 01704

ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1742 ਵਿੱਚ ਨਾਹਨ ਦੇ ਰਾਜੇ ਤੋਂ ਜ਼ਮੀਨ ਖ੍ਰੀਦ ਕੇ ਜਮਨਾ ਕਿਨਾਰੇ ਇਹ ਨਗਰ ਵਸਾਇਆ, ਨਾਮ ਪਾਂਵਟਾ[1] ਰੱਖਿਆ। ਬਾਅਦ ਵਿੱਚ ਇਹ ਨਗਰ ਪਾਉਂਟਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਭੰਗਾਣੀ ਦਾ ਯੁੱਧ ਵੀ ਇਸੇ ਸਮੇਂ ਦੌਰਾਨ (ਸੰਮਤ

1 ਪਾਂਵਟਾ ਤੋਂ ਭਾਵ ਜਿੱਥੇ ਪੈਰ ਅਟਕਾਇਆ ਜਾਵੇ, ਜਾਂ ਮਕਾਨ ਅੱਗੇ ਵਿਛਾਇਆ ਗਿਆ ਉਹ ਫਰਸ਼, ਜਿਸ 'ਤੇ ਸਨਮਾਨਯੋਗ ਪ੍ਰਾਹੁਣਾ ਪੈਰ ਰੱਖ ਕੇ ਆਵੇ।

With best compliments from:
Harjit Paper & Machinery Pvt. Ltd.
43, Sudarshan Nagar, East Mohan Nagar, AMRITSAR
Mfrs & Exporters: Paper Board Mill Machinery & Spares
Ph: 0183-2583858, 6545838



1746) ਹੋਇਆ, ਜਿਸ ਦਾ ਜ਼ਿਕਰ ਬਚਿੱਤਰ ਨਾਟਕ ਦੇ ਅਠਵੇਂ ਅਧਜਾਯ ਵਿੱਚ ਹੈ। ਗੁਰੂ ਸਾਹਿਬ ਨੇ ਇਥੇ ਕਾਫੀ ਸਮਾਂ ਬਿਤਾਇਆ। ਇਥੇ ਹੀ ਆਪ ਨੇ ਜਾਪੁ ਸਾਹਿਬ, ਸਵੱਯੇ, ਚੰਡੀ ਦੀ ਵਾਰ ਅਤੇ ਹੋਰ ਬਾਣੀਆਂ ਉਚਾਰੀਆਂ। ਗੁ: ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਪੁਰਾਤਨ ਸ਼ਸਤਰ ਵੀ ਪਏ ਹੋਏ ਹਨ। ਵੈਸਾਖੀ 'ਤੇ ਇਥੇ ਭਾਰੀ ਮੇਲਾ ਲਗਦਾ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | | |
|---|---|---|---|---|
| ਪਾਉਂਟਾ ਸਾਹਿਬ | ਤੋਂ | ਰਿਸ਼ੀਕੇਸ਼ | 95±5 | ਕਿ.ਮੀ. |
| ਪਾਉਂਟਾ ਸਾਹਿਬ | ਤੋਂ | ਦੇਹਰਾਦੂਨ | 50 | ਕਿ.ਮੀ.NH72 |
| ਪਾਉਂਟਾ ਸਾਹਿਬ | ਤੋਂ | ਦਿੱਲੀ ਵਾ: ਕਰਨਾਲ | 250 | ਕਿ.ਮੀ. |
| ਪਾਉਂਟਾ ਸਾਹਿਬ | ਤੋਂ | ਚੰਡੀਗੜ੍ਹ | 125 | ਕਿ.ਮੀ. |
| ਨਜ਼ਦੀਕੀ ਰੇਲਵੇ ਸਟੇਸ਼ਨ (ਜਗਾਧਰੀ) | | | 50 | ਕਿ.ਮੀ. |

# ਦੇਹਰਾਦੂਨ

| | | | |
|---|---|---|---|
| ਜ਼ਿਲ੍ਹਾ | : ਦੇਹਰਾਦੂਨ | ਪਿੰਨ ਕੋਡ | : 248001 |
| ਪ੍ਰਾਂਤ | : ਉੱਤ੍ਰਾਖੰਡ | ਐੱਸ.ਟੀ.ਡੀ. | : 0135 |

ਦੇਹਰਾਦੂਨ ਉੱਤ੍ਰਾਖੰਡ ਜ਼ਿਲ੍ਹੇ ਦੀ ਰਾਜਧਾਨੀ ਹੈ। ਦੇਹਰਾਦੂਨ, 'ਦੇਹਰਾ' ਅਤੇ 'ਦੂਨ' ਤੋਂ ਰਲ ਕੇ ਬਣਿਆ ਹੈ। ਦੇਹਰਾ ਦਾ ਮਤਲਬ ਡੇਰਾ ਅਤੇ ਦੂਨ ਦਾ ਮਤਲਬ ਵੈਲੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਾਉਂਟਾ ਸਾਹਿਬ ਦੀ ਫੇਰੀ

ਦੌਰਾਨ ਕੁਝ ਸਮਾਂ ਇਥੇ ਵੀ ਬਿਤਾਇਆ। ਇਲਾਕੇ ਦੀ ਸੰਗਤ ਨੇ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਇਕ ਸੁੰਦਰ ਗੁਰਦੁਆਰਾ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਉਸਾਰਿਆ। ਆੜ੍ਹਤ ਬਜ਼ਾਰ ਵਿਖੇ ਉਸਾਰੇ ਗਏ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਇਲਾਕੇ ਦੀ ਸੰਗਤ ਕਰ ਰਹੀ ਹੈ। ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਵੀ ਹੈ। ਗੁ: ਸਾਹਿਬ ਦੇ ਫੋਨ ਨੰਬਰ 2624331 ਅਤੇ 3292512 ਹਨ।

ਪੁਰਾਤਨ ਕਥਾਵਾਂ ਅਨੁਸਾਰ ਕੌਰਵਾਂ ਅਤੇ ਪਾਂਡਵਾਂ ਦੇ ਗੁਰੂ, ਗੁਰੂ ਦ੍ਰੋਣਾਚਾਰੀਆ ਦਾ ਡੇਰਾ ਵੀ ਇਥੇ ਹੀ ਸੀ। ਇਸ ਦੇ ਉੱਤਰ ਵਿੱਚ ਹਿਮਾਲਿਆ ਅਤੇ ਦੱਖਣ ਵਿੱਚ ਸ਼ਿਵਾਲਿਕ ਪਰਬਤ, ਪੂਰਬ ਵਿੱਚ ਗੰਗਾ ਅਤੇ ਪੱਛਮ ਵਿੱਚ ਯਮੁਨਾ ਨਦੀ ਹੈ।

ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਦੇਹਰਾਦੂਨ ਤਕ ਹਵਾਈ ਸਫਰ ਵੀ ਕੀਤਾ ਜਾ ਸਕਦਾ ਹੈ। ਏਅਰਪੋਰਟ ਪੰਤ ਨਗਰ, ਨੈਨੀਸੇਨ, ਜੋਲੀਗ੍ਰਾਂਟ, ਦੇਹਰਾਦੂਨ ਵਿਖੇ ਸਥਿਤ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | | |
|---|---|---|---|---|
| ਦੇਹਰਾਦੂਨ | ਤੋਂ | ਰਿਸ਼ੀਕੇਸ਼ | 50 | ਕਿ.ਮੀ.NH72-58 |
| ਦੇਹਰਾਦੂਨ ਬੱਸ ਸਟੈਂ: | ਤੋਂ | ਦੇਹਰਾਦੂਨ ਏਅਰਪੋ: | 27 | ਕਿ.ਮੀ. |

## ਜ਼ਰੂਰੀ ਫੋਨ ਨੰਬਰ

| | | |
|---|---|---|
| S.S.P. Haridwar (Rishikesh also) | : 2746022, | 2628360 |
| Kotwali Dehradun | : 2716216, | 2651588 |
| Railway Enquiry | : 131, | 2622131 |
| Roadways Enquiry | : 2653797 | |
| Doon Hospital (Blood Bank) | : 2623578, | 2659315 |
| Jollygrant Airport | : 2412054, | 2412052 |

## ATMs

**Bank of Baroda** P.O. Box No.117, Astley Hall, Dehradoon

**UCO Bank** Pritam Castle, Paltan Bazar, Dehradoon

With best compliments from:
S. Rashpal Singh
Mobile : 98141-08778
Phone : 0183-2546902
0183-6547902
BRIGHT PAINT & H/W STORE
*Interior Decorators & Furnishers* *Spl. in : Turn Key Project*
Mahajan Market, Gaggarmal Road, Kt. Sher Singh, AMRITSAR

ਯਾਤਰਾ ਸਮੇਂ ਖਾਣ-ਪੀਣ ਦੀਆਂ ਦੁਕਾਨਾਂ 'ਤੇ ਹਰ ਚੀਜ਼ ਦੀ ਕੀਮਤ ਬਹੁਤ ਜਿਆਦਾ ਹੁੰਦੀ ਹੈ। ਇਸਲਈ ਕੋਈ ਵੀ ਚੀਜ਼ ਖ਼੍ਰੀਦਣ ਤੋਂ

**HDFC BANK**
118, Sayyad Mohalla, Chakrata Road
Near Kishan Nagar Chowk

**ICICI BANK** Gurdwara Singh Sabha, Arhat Bazar

**STATE BANK OF INDIA** Saharanpur Road

# ਰਿਸ਼ੀਕੇਸ਼ ਤੋਂ ਗੋਬਿੰਦ ਘਾਟ

ਜ਼ਿਲ੍ਹਾ : ਦੇਹਰਾਦੂਨ ਪਿੰਨ ਕੋਡ : 249201
ਪ੍ਰਾਂਤ : ਉੱਤ੍ਰਾਖੰਡ ਐੱਸ.ਟੀ.ਡੀ.: 0135

ਗੁਰਦੁਆਰਾ ਸਾਹਿਬ ਲਛਮਨ ਝੂਲਾ ਰੋਡ 'ਤੇ ਸਥਿਤ ਹੈ। ਬੱਸ ਅੱਡੇ ਤੋਂ ਗੁ: ਸਾਹਿਬ ਦੋ ਕਿ. ਮੀ. ਤੋਂ ਵੀ ਘੱਟ ਦੂਰੀ 'ਤੇ ਹੈ। ਆਟੋ ਰਿਕਸ਼ਾ ਦੁਆਰਾ 5-7 ਮਿੰਟ ਦੀ ਦੂਰੀ 'ਤੇ ਹੈ। ਆਟੋ ਆਮ ਮਿਲ ਜਾਂਦੇ ਹਨ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਵਿਸ਼ਰਾਮ ਉਪਰੰਤ ਸਵੇਰੇ 2.30 ਵਜੇ ਤੋਂ ਸੰਗਤਾਂ ਬੱਸਾਂ, ਟੈਕਸੀਆਂ[1] ਜਾਂ ਆਪਣੇ ਨਿੱਜੀ ਵਾਹਨ ਉੱਤੇ ਗੁਰਦੁਆਰਾ ਗੋਬਿੰਦ ਘਾਟ ਵੱਲ ਚਾਲੇ ਪਾ ਦਿੰਦੀਆਂ ਹਨ। ਬੱਸਾਂ ਅਤੇ




1 ਪ੍ਰਾਈਵੇਟ ਟੈਕਸੀਆਂ ਕਿਰਾਏ 'ਤੇ ਆਮ ਮਿਲ ਜਾਂਦੀਆਂ ਹਨ।

ਟੈਕਸੀਆਂ ਦੀ ਬੁਕਿੰਗ ਇੱਕ ਦਿਨ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ। ਇਹ ਸਫਰ ਤਕਰੀਬਨ 10-12 ਘੰਟੇ ਦਾ ਹੈ।

ਇਸ ਯਾਤਰਾ ਦੌਰਾਨ ਰਸਤੇ ਵਿੱਚ

- ਸ੍ਰੀ ਨਗਰ (ਰਿਸ਼ੀਕੇਸ਼ ਤੋਂ ਅੰਦਾਜ਼ਨ 105 ਕਿ.ਮੀ.)
  **ਫੋਨ : 01346-252203**
- ਨਗਰਾਸੂ (ਪਿੱਪਲ ਕੋਟੀ, ਸ੍ਰੀ ਨਗਰ ਤੋਂ 45-50 ਕਿ.ਮੀ.)
- ਜੋਸ਼ੀ ਮੱਠ (ਨਗਰਾਸੂ ਤੋਂ ਅੰਦਾਜ਼ਨ 95-100 ਕਿ.ਮੀ.)
  **ਫੋਨ : 01389-222121**

ਵਿਖੇ ਗੁਰਦੁਆਰਾ ਸਾਹਿਬ ਮੌਜੂਦ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਲੰਗਰ ਅਤੇ ਫਸਟ-ਏਡ ਦਾ ਇੰਤਜ਼ਾਮ ਵੀ ਹੈ। ਸੰਗਤਾਂ ਰਾਤ ਵਿਸ਼ਰਾਮ ਕਰ ਸਕਦੀਆਂ ਹਨ। ਜਿਹੜੀਆਂ ਸੰਗਤਾਂ ਰਿਸ਼ੀਕੇਸ਼ ਤੋਂ ਸਵੇਰੇ ਅੰਮ੍ਰਿਤ ਵੇਲੇ ਨਹੀਂ ਤੁਰ ਸਕੀਆਂ ਹੁੰਦੀਆਂ, ਉਹ ਰਸਤੇ ਵਿੱਚ ਸ੍ਰੀ ਨਗਰ ਜਾਂ ਨਗਰਾਸੂ ਦੇ ਗੁਰਦੁਆਰਾ ਸਾਹਿਬ ਵਿੱਚ ਰਾਤ ਵਿਸ਼ਰਾਮ ਕਰਨ ਉਪਰੰਤ ਸਵੇਰੇ ਤੁਰ ਸਕਦੀਆਂ ਹਨ। ਸ੍ਰੀ ਨਗਰ ਅਤੇ ਜੋਸ਼ੀ ਮੱਠ ਵਾਲੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਲੰਗਰ ਦਮਦਮਾ ਸਾਹਿਬ, ਗੋਬਿੰਦ ਨਗਰ, ਨਗਰਾਸੂ ਦੀ ਸੇਵਾ ਬਾਬਾ ਬੇਅੰਤ ਸਿੰਘ ਜੀ ਬੇਰਕਲਾਂ (ਲੁਧਿਆਣਾ) ਵਾਲੇ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਦਾ ਮੋਬਾਈਲ ਨੰਬਰ 094170-07273 ਹਨ।

ਰਿਸ਼ੀਕੇਸ਼ ਵਿਖੇ ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ 4 ਪਟਰੋਲ ਪੰਪ ਹਨ।ਗੁਰਦੁਆਰਾ ਸਾਹਿਬ ਦੇ ਨਜ਼ਦੀਕ ਮਾਯਾਕੁੰਡ ਸਥਾਨ 'ਤੇ **ਨਿਰਮਲ ਆਸ਼ਰਮ ਹਸਪਤਾਲ** ਮੌਜੂਦ ਹੈ। ਇਸ 100 ਬਿਸਤਰਿਆਂ ਵਾਲੇ ਮਲਟੀਸਪੈਸ਼ਲਟੀ ਸੈਕੰਡਰੀ ਕੇਅਰ ਹਸਪਤਾਲ ਵਿਚ ਐਮਰਜੈਂਸੀ ਸੇਵਾਵਾਂ 24 ਘੰਟੇ ਉਪਲਬਧ ਹਨ। ਇਸ ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਦਵਾ-ਦਾਰੂ ਦਾ ਵਧੀਆ ਅਤੇ ਵਾਜਿਬ ਫੀਸ 'ਤੇ ਇੰਤਜ਼ਾਮ ਹੈ। ਫੋਨ ਨੰਬਰ : 0135-2430942, 2432215 ਹਨ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼, ਹਰਿਦੁਆਰ, ਸ੍ਰੀ ਨਗਰ, ਜੋਸ਼ੀਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸੇਵਾ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ ਨਿਭਾ ਰਹੀ ਹੈ। ਇਸ ਸੋਸਾਇਟੀ

A22, Lawrence Road, Amritsar-01 (INDIA)
Phone : 0183-2225737-38
NAGI
DIAMOND JEWELLERS



ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਸੁਸ਼ੋਭਿਤ
ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ

ਦੀ ਸਥਾਪਨਾ 1970 ਵਿਚ ਕਾਨ੍ਹਪੁਰ ਵਿਖੇ ਹੋਈ। ਇਸ ਸੋਸਾਇਟੀ ਵੱਲੋਂ ਰਿਸ਼ੀਕੇਸ਼ ਵਿਖੇ ਇਕ ਫ੍ਰੀ ਗੁਰਮਤਿ ਅਕੈਡਮੀ ਵੀ ਚਲਾਈ ਜਾ ਰਹੀ ਹੈ, ਜਿੱਥੇ ਬੱਚੇ ਗੁਰਮਤਿ ਦੀ ਸਿਖਿਆ ਲੈਂਦੇ ਹਨ। ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਇਕ ਡਿਸਪੈਂਸਰੀ ਵੀ ਹੈ ਜਿਥੇ ਸ਼ਾਮ 5.00 ਤੋਂ 7.30 ਵਜੇ ਤੱਕ ਦਵਾਈ ਮੁਫਤ ਦਿੱਤੀ ਜਾਂਦੀ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | |
|---|---|---|---|
| Distt. Magistrate | : | 2623819, | 2655225 |
| Sr. Suptd. of Police | : | 2746022, | 2628360 |
| Kotwali Raiwala | : | 2484239 | |
| Railway Enquiry Rishikesh | : | 131, | 2434167 |
| Roadways Enquiry | : | 2430066 | |
| ਗੁਰਦੁਆਰਾ ਸਾਹਿਬ ਰਿਸ਼ੀਕੇਸ਼ | : | 2430229, | 2437813 |

## ਰਿਸ਼ੀਕੇਸ਼ ਤੋਂ

| | | | |
|---|---|---|---|
| ਦੇਵਪ੍ਰਯਾਗ | 70 ਕਿ.ਮੀ. | ਸ੍ਰੀ ਨਗਰ | 105 ਕਿ.ਮੀ. |
| ਰੁਦ੍ਰ ਪ੍ਰਯਾਗ | 137 ਕਿ.ਮੀ. | ਕਰਨ ਪ੍ਰਯਾਗ | 172 ਕਿ.ਮੀ. |
| ਨੰਦ ਪ੍ਰਯਾਗ | 191 ਕਿ.ਮੀ. | ਚਮੋਲੀ | 202 ਕਿ.ਮੀ. |
| ਪੀਪਲ ਕੋਟੀ | 218 ਕਿ.ਮੀ. | ਜੋਸ਼ੀ ਮੱਠ | 252 ਕਿ.ਮੀ. |
| ਵਿਸ਼ਨੂੰ ਪ੍ਰਯਾਗ | 257 ਕਿ.ਮੀ. | ਗੋਬਿੰਦ ਘਾਟ | 273 ਕਿ.ਮੀ. |

ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਵੱਲ ਜਾਂਦਿਆਂ ਰਾਹ ਵਿਚ ਜੋਸ਼ੀਮੱਠ ਸਥਾਨ ਤੋਂ ਅੱਗੇ ਪਹਾੜੀ ਰਸਤਾ ਬਹੁਤ ਭੀੜਾ ਹੋ ਜਾਂਦਾ ਹੈ, ਅਤੇ ਦੋਨੋਂ ਪਾਸੇ ਦੀ ਟ੍ਰੈਫਿਕ ਇਕੋ ਸਮੇਂ ਨਹੀਂ ਚਲ ਸਕਦੀ। ਇਸ ਲਈ ਟ੍ਰੈਫਿਕ



ਹੇਮਕੁੰਟ ਸਾਹਿਬ ਦੇ ਰਸਤੇ ਵਿਚ ਲਗਾਏ ਗਏ ਗੁਰੂ ਕੇ ਲੰਗਰ ਦਾ ਇਕ ਦ੍ਰਿਸ਼

ਇਕ-ਪਾਸੜ ਕਰ ਦਿੱਤੀ ਜਾਂਦੀ ਹੈ ਤਾਂ ਕਿ ਕੋਈ ਦੁਰਘਟਨਾ ਨਾ ਵਾਪਰ ਸਕੇ। ਪਹਿਲਾਂ ਇਕ ਪਾਸੇ ਦਾ ਟ੍ਰੈਫਿਕ ਤੋਰਿਆ ਜਾਂਦਾ ਹੈ ਅਤੇ ਦੂਸਰੇ ਪਾਸਿਓਂ ਗੇਟ ਬੰਦ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਫਿਰ ਦੂਜੇ ਪਾਸਿਓਂ ਗੇਟ ਬੰਦ ਕਰਕੇ ਪਹਿਲੀ ਸਾਈਡ ਦੀ ਟ੍ਰੈਫਿਕ ਚਾਲੂ ਕੀਤੀ ਜਾਂਦੀ ਹੈ।

ਇਨ੍ਹਾਂ ਗੇਟਾਂ ਦੇ ਸਮੇਂ ਇਸ ਤਰ੍ਹਾਂ ਹਨ:


| ਜੋਸ਼ੀਮੱਠ ਤੋਂ ਗੋਬਿੰਦ ਘਾਟ | ਗੋਬਿੰਦ ਘਾਟ ਤੋਂ ਜੋਸ਼ੀ ਮੱਠ |
|---|---|
| 06:40 ਸਵੇਰ | 07:30 ਸਵੇਰ |
| 09:00 ਸਵੇਰ | 09:45 ਸਵੇਰ |
| 11:30 ਸਵੇਰ | 12:30 ਦੁਪਹਿਰ |
| 2:00 ਦੁਪਹਿਰ | 2:45 ਦੁਪਹਿਰ |
| 4:30 ਬਾਅਦ ਦੁਪਹਿਰ | 5:45 ਸ਼ਾਮ |

## ਗੋਬਿੰਦ ਘਾਟ ਤੋਂ ਗੋਬਿੰਦ ਧਾਮ

ਫੋਨ ਨੰਬਰ : 01381-225208, 225334

ਗੋਬਿੰਦ ਘਾਟ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਸਾਹਿਬ ਦੀ ਸਥਾਪਨਾ 1941 ਈ: ਦੇ ਆਸ-ਪਾਸ ਹੋਈ। ਇਹ ਗੁਰਦੁਆਰਾ ਸਮੁੰਦਰ ਤਲ ਤੋਂ ਤਕਰੀਬਨ 6000 ਫੁੱਟ ਦੀ ਉਚਾਈ ’ਤੇ ਸਥਿਤ ਹੈ। ਇਸ ਅਸਥਾਨ ’ਤੇ ਸੰਗਤਾਂ ਆਪਣਾ ਸਾਮਾਨ ਆਦਿ ਜਮ੍ਹਾਂ ਕਰਵਾ ਕੇ ਟੋਕਨ ਲੈਂਦੀਆਂ ਹਨ। ਕਦੀ-ਕਦੀ ਤਾਂ ਸਾਮਾਨ ਜਮ੍ਹਾਂ

www.nagijewellers.in
epost : info@nagijewellers.in
NAGI
DIAMOND JEWELLERS




ਕਰਵਾਉਣ ਲਈ 1.30 ਤੋਂ 2.00 ਘੰਟੇ ਦਾ ਸਮਾਂ ਵੀ ਲੱਗ ਜਾਂਦਾ ਹੈ। ਇਸ ਤੋਂ ਅੱਗੇ ਸੰਗਤਾਂ ਨੂੰ ਆਪਣਾ ਬਹੁਤ ਘੱਟ ਸਾਮਾਨ ਹੀ ਲੈ ਕੇ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਅੱਗੇ ਸਾਰਾ ਰਸਤਾ ਪੈਦਲ ਚੜ੍ਹਾਈ ਵਾਲਾ ਹੀ ਹੈ। ਇਸੇ ਅਸਥਾਨ ਤੋਂ ਆਪਣੇ ਘਰ, ਰਿਸ਼ਤੇਦਾਰਾਂ ਜਾਂ ਸਾਕ-ਸਬੰਧੀਆਂ ਲਈ ਪਿੰਨੀ ਪ੍ਰਸ਼ਾਦ ਲਿਆ ਜਾ ਸਕਦਾ ਹੈ। ਮਾਇਆ ਦੀ ਸੇਵਾ ਕਰਵਾਉਣ ਸਮੇਂ ਪਿੰਨੀ ਪ੍ਰਸ਼ਾਦ ਵਾਸਤੇ ਪਰਚੀ ਕੱਟਣ ਲਈ ਕਹਿਣਾ ਚਾਹੀਦਾ ਹੈ, ਨਹੀਂ ਤਾਂ ਮਾਇਆ ਦੀ ਸੇਵਾ ਬਿਲਡਿੰਗ ਫੰਡ ਜਾਂ ਲੰਗਰ ਆਦਿ ਲਈ ਪ੍ਰਵਾਨ ਹੁੰਦੀ ਹੈ।

ਗੁਰਦੁਆਰਾ ਸਾਹਿਬ ਵਿਖੇ ਯਾਤਰੂਆਂ ਦੇ ਰਹਿਣ ਦਾ, ਕੰਬਲਾਂ ਅਤੇ ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ। ਸ਼ਾਮ ਦੇ ਦੀਵਾਨ ਵੇਲੇ ਹਰ ਮਾਈ-ਭਾਈ ਦਾ ਫਰਜ਼ ਬਣਦਾ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਸ਼ਬਦ ਕੀਰਤਨ ਸਮੇਂ ਹਾਜ਼ਰੀਆਂ ਭਰਨ। ਗੋਬਿੰਦ ਘਾਟ ਤੋਂ ਅੱਗੇ ਗੋਬਿੰਦ ਧਾਮ ਵੱਲ ਪੈਦਲ ਚੜ੍ਹਾਈ ਦੀ ਸ਼ੁਰੂਆਤ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 13 ਕਿ.ਮੀ. ਹੈ ਅਤੇ ਅੰਦਾਜ਼ਨ 5.00 ਤੋਂ 6.00 ਘੰਟੇ ਲੱਗਦੇ ਹਨ। ਜੁਲਾਈ ਮੱਧ ਤੋਂ ਬਾਅਦ ਇੱਥੇ ਤਕਰੀਬਨ ਮੌਸਮ ਬਰਸਾਤ ਵਾਲਾ ਹੋ

WESTERN UNION | MONEY TRANSFER
The fastest way to send money wordwide.
With best compliments from:
Ph: 0183-2580159
S. Bhupinder Singh
SINGAPORE MONEY CHANGER
ਇਥੇ ਹਰ ਤਰ੍ਹਾਂ ਦੀ ਵਿਦੇਸ਼ੀ ਕਰੰਸੀ ਬਦਲੀ ਜਾਂਦੀ ਹੈ।
175, Golden Cloth Market, S.W. Gate, AMRITSAR

ਜਾਂਦਾ ਹੈ, ਸੋ ਰੇਨ ਕੋਟ ਜਾਂ ਛਤਰੀਆਂ ਦੀ ਸਖ਼ਤ ਜ਼ਰੂਰਤ ਪੈਂਦੀ ਹੈ।

## ਚੜ੍ਹਾਈ ਚੜ੍ਹਦੇ ਸਮੇਂ ਧਿਆਨ ਰੱਖਣਯੋਗ ਗੱਲਾਂ:

- ਚੜ੍ਹਾਈ ਸਮੇਂ ਰਸਤੇ ਵਿੱਚ ਖਾਣ-ਪੀਣ ਦੀਆਂ ਦੁਕਾਨਾਂ 'ਤੇ ਹਰ ਚੀਜ਼ ਦੇ ਰੇਟ ਕਾਫੀ ਜ਼ਿਆਦਾ ਹੁੰਦੇ ਹਨ। ਹੋ ਸਕੇ ਤਾਂ ਖਾਣ-ਪੀਣ ਦਾ ਥੋੜ੍ਹਾ-ਬਹੁਤ ਸਾਮਾਨ ਪਹਿਲਾਂ ਹੀ ਲੈ ਲੈਣਾ ਚਾਹੀਦਾ ਹੈ।
- ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਬਹੁਤਾ ਢਿੱਡ ਭਰ ਕੇ ਖਾਣਾ ਨਹੀਂ ਖਾਣਾ ਚਾਹੀਦਾ, ਇਸ ਨਾਲ ਚੜ੍ਹਾਈ ਵਿਚ ਮੁਸ਼ਕਿਲ ਆਉਂਦੀ ਹੈ।
- ਯਾਤਰਾ ਸਮੇਂ ਕਦਮ ਬਹੁਤ ਛੋਟੇ-ਛੋਟੇ ਪੁੱਟਣੇ ਚਾਹੀਦੇ ਹਨ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ।
- ਯਾਤਰਾ ਸਮੇਂ ਕਿਸੇ ਜਗ੍ਹਾ 'ਤੇ ਜ਼ਿਆਦਾ ਦੇਰ ਨਹੀਂ ਰੁਕਣਾ ਚਾਹੀਦਾ, ਇਸ ਨਾਲ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਥਕਾਵਟ ਜ਼ਿਆਦਾ ਹੁੰਦੀ ਹੈ।
- ਚੜ੍ਹਾਈ ਦੌਰਾਨ ਪਸੀਨਾ ਵਗਣ ਨਾਲ ਸਰੀਰ ਵਿਚ ਲੂਣ ਦੀ ਕਮੀ ਨੂੰ ਦੂਰ ਕਰਨ ਲਈ ਥੋੜ੍ਹਾ ਗੁਲੂਕੋਜ਼ ਨਾਲ ਲੈ ਲੈਣਾ ਚਾਹੀਦਾ ਹੈ।
- ਪਾਣੀ ਢਿੱਡ ਭਰ ਕੇ ਨਹੀਂ ਪੀਣਾ ਚਾਹੀਦਾ, ਹੋ ਸਕੇ ਤਾਂ ਸੁੱਕਦੇ ਮੂੰਹ ਨੂੰ ਨਿਰੀ ਚੂਲੀ ਕਰ ਕੇ ਹੀ ਕੰਮ ਚਲਾਉਣਾ ਚਾਹੀਦਾ ਹੈ।
- ਸਾਫਟ ਡ੍ਰਿੰਕਸ (ਕੋਕ, ਪੈਪਸੀ) ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
- ਜੇ ਤੁਹਾਡੀ ਯਾਤਰਾ ਪਹਿਲਾਂ ਤੋਂ ਹੀ ਨਿਰਧਾਰਤ ਹੋਵੇ ਤਾਂ ਕਰੀਬ 15-20 ਦਿਨ ਪਹਿਲਾਂ ਜੇ 2-4 ਕਿ.ਮੀ. ਰੋਜ਼ਾਨਾ ਸੈਰ ਸ਼ੁਰੂ ਕਰ ਦਿੱਤੀ ਜਾਵੇ ਤਾਂ ਯਾਤਰਾ ਵਿਚ ਜ਼ਿਆਦਾ ਮੁਸ਼ਕਿਲ ਨਹੀਂ ਹੁੰਦੀ।
- ਐਸਥੇਮੈਟਿਕ Asthmatic ਸਾਹ ਜਾਂ ਅਲਰਜੀ (ਘੱਟੇ ਜਾਂ ਮੌਸਮ ਦੀ) ਨਾਲ ਸਬੰਧਤ, ਹਾਈ ਬਲੱਡ ਪ੍ਰੈਸ਼ਰ, ਦਿਲ ਸਬੰਧੀ ਰੋਗਾਂ ਵਾਲੇ ਮਰੀਜ਼ ਡਾਕਟਰ ਤੋਂ ਸਲਾਹ ਲੈਣ ਤੋਂ ਬਾਅਦ ਹੀ ਯਾਤਰਾ ਸ਼ੁਰੂ ਕਰਨ।
- ਯਾਤਰਾ ਸਮੇਂ ਜੇ ਹੋ ਸਕੇ ਤਾਂ ਸੋਣ ਲਈ ਦੋ ਚੱਦਰਾਂ ਇਕ ਥੱਲੇ ਅਤੇ ਇਕ ਉੱਪਰ ਲਈ ਨਾਲ ਲੈ ਲੈਣੀਆਂ ਚਾਹੀਦੀਆਂ ਹਨ, ਇਸ ਨਾਲ ਛੂਤ ਨਾਲ ਫੈਲਣ ਵਾਲੀਆਂ ਬੀਮਾਰੀਆਂ ਤੋਂ ਕੁਝ ਹੱਦ ਤਕ ਕਾਬੂ ਪਾਇਆ ਜਾ ਸਕਦਾ ਹੈ।
- ਗਿੱਲੀਆਂ ਕੱਪੜੇ/ਜੁਰਾਬਾਂ ਪਾ ਕੇ ਯਾਤਰਾ ਨਹੀਂ ਕਰਨੀ ਚਾਹੀਦੀ ਇਸ ਨਾਲ ਸਰੀਰ ਦੇ ਤਾਪਮਾਨ ਵਿਚ ਸਮਾਨਤਾ ਨਹੀਂ ਰਹਿੰਦੀ।

KUNDAN - PEARL - DIAMOND - GOLD
NAGI
DIAMOND JEWELLERS


ਚਰਨ ਸਰਨ ਗੁਰ ਇਕ ਪੈਂਡਾ ਜਾਇ ਚਲ...

## ਕੁਝ ਜ਼ਰੂਰੀ ਦਵਾਈਆਂ[1]

| | |
|---|---|
| ਲੱਤਾਂ ਦਰਦ, ਸਰੀਰ ਟੁੱਟਣ ਭੱਜਣ, ਸਿਰ ਦਰਦ ਵਾਸਤੇ | Crocin ਜਾਂ Nimulid |
| ਉਲਟੀਆਂ ਲਈ | Dom D.T. |
| ਚੱਕਰਾਂ ਲਈ | Stemitil-5 ਜਾਂ Stugeron |
| ਖਾਰਸ਼ ਅਤੇ ਜੁਕਾਮ ਲਈ | Cetrizine |
| ਪੇਟ ਦਰਦ | Trigan-D ਜਾਂ Anafortan |
| ਘਬਰਾਹਟ | Librium ਜਾਂ Cebrum |
| ਟੱਟੀਆਂ ਲਈ | Lomofen ਜਾਂ Loperamide + Enteroquinol |

# ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤੋਂ ਗੋਬਿੰਦ ਧਾਮ

ਫੋਨ ਨੰਬਰ ਗੋਬਿੰਦ ਧਾਮ : 01381-226232

ਗੋਬਿੰਦ ਧਾਮ (ਘਾਂਗਰੀਆ) ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਾਹ ਵਿੱਚ ਆਉਣ ਵਾਲਾ ਇਕ ਛੋਟਾ ਜਿਹਾ ਪਿੰਡ ਹੈ। ਇਹ ਲਕਸ਼ਮਨਗੰਗਾ ਦੇ ਨਾਮ ਨਾਲ ਵੀ ਜਾਣੇ ਜਾਂਦੇ ਪੁਸ਼ਪਾਵਤੀ ਦਰਿਆ ਦੇ ਕੰਢੇ ’ਤੇ ਸਥਿਤ ਇਕ ਛੋਟੀ ਜਿਹੀ ਘਾਟੀ ਇਹ ਆਖਰੀ ਮਨੁੱਖੀ ਆਵਾਸ ਹੈ। ਇਹ ਅਸਥਾਨ ਮਈ ਤੋਂ ਅਕਤੂਬਰ ਤਕ ਹੀ ਖੁੱਲ੍ਹਦਾ ਹੈ, ਬਾਕੀ ਸਾਰਾ ਸਮਾਂ ਇਹ ਬਰਫ ਹੇਠ ਦੱਬਿਆ ਰਹਿੰਦਾ ਹੈ।

ਇਥੇ ਗੁਰਦੁਆਰਾ ਸਾਹਿਬ ਦੀ ਸੇਵਾ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਸਾਹਿਬ ਸਮੁੰਦਰ ਤਲ ਤੋਂ ਤਕਰੀਬਨ 10,000 ਫੁੱਟ ਦੀ ਉਚਾਈ ’ਤੇ ਸਥਿਤ ਹੈ। ਇਸ ਅਸਥਾਨ ’ਤੇ ਰਾਤ ਠਹਿਰਨ ਅਤੇ ਲੰਗਰ ਦਾ ਬਿਹਤਰੀਨ ਇੰਤਜ਼ਾਮ ਹੈ। ਇਥੇ ਬਿਜਲੀ ਦਾ ਪ੍ਰਬੰਧ 24 ਘੰਟੇ ਨਹੀਂ ਹੁੰਦਾ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਪ੍ਰਬੰਧ ਜਰਨੇਟਰ ਰਾਹੀਂ ਹੁੰਦਾ ਹੈ, ਜੋ ਕਿ ਰਾਤ ਦੇ ਠੀਕ

................................

1 Dr. Baljit Singh, Amritsar Polyclinic, Street # 2, Gobind Nagar, S.W. Road, Amritsar Mobile : 098146-98398

916 Hallmark Jewellery
Certified Diamond
NAGI DIAMOND JEWELLERS




10.00 ਵਜੇ ਬੰਦ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਬਿਲਕੁਲ ਘੁੱਪ ਹਨੇਰਾ ਛਾ ਜਾਂਦਾ ਹੈ। ਸੰਗਤਾਂ ਨੂੰ ਟਾਰਚਾਂ ਦਾ ਇੰਤਜ਼ਾਮ ਜ਼ਰੂਰ ਰੱਖਣਾ ਚਾਹੀਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਸਤੇ ਵਿੱਚ ਹੇਮਗੰਗਾ ਨਦੀ ਦੇ ਪੁਲ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 4 ਕਿ.ਮੀ. ਦੀ ਦੂਰੀ 'ਤੇ ਸੰਸਾਰ-ਪ੍ਰਸਿੱਧ ਫੁੱਲਾਂ ਦੀ ਘਾਟੀ ਆਉਂਦੀ ਹੈ।

ਰਾਤ ਵਿਸ਼ਰਾਮ ਕਰਨ ਮਗਰੋਂ ਅਗਲੇ ਦਿਨ ਸਵੇਰੇ ਗੁ: ਹੇਮਕੁੰਟ ਸਾਹਿਬ ਵੱਲ ਯਾਤਰਾ ਸ਼ੁਰੂ ਹੁੰਦੀ ਹੈ, ਇਹ ਤਕਰੀਬਨ 6 ਕਿ.ਮੀ. ਹੈ ਅਤੇ ਅੰਦਾਜ਼ਨ 4.00 ਘੰਟੇ ਵਿੱਚ ਪੂਰੀ ਹੁੰਦੀ ਹੈ। ਦਰਸ਼ਨ ਕਰ ਕੇ ਉਸੇ ਦਿਨ ਵਾਪਸ ਗੋਬਿੰਦ ਧਾਮ ਵਿਖੇ ਪਹੁੰਚਣਾ ਹੁੰਦਾ ਹੈ। ਕਿਉਂਕਿ ਹੇਮਕੁੰਟ ਸਾਹਿਬ ਵਿਖੇ ਰਾਤ ਠਹਿਰਨ ਦਾ ਕੋਈ ਇੰਤਜ਼ਾਮ ਨਹੀਂ, ਅਤੇ ਸਾਹ ਲੈਣ ਵਾਸਤੇ ਆਕਸੀਜਨ ਵੀ ਪਰਿਆਪਤ ਮਾਤਰਾ ਵਿਚ ਨਹੀਂ ਹੁੰਦੀ।



ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਰੋਜ਼ਾਨਾ ਦੀ ਪਹਿਲੀ ਅਰਦਾਸ ਸਵੇਰੇ 9.00 ਵਜੇ, ਦੂਜੀ 11.00 ਵਜੇ ਅਤੇ ਤੀਸਰੀ ਅਰਦਾਸ 12.30 ਵਜੇ ਹੁੰਦੀ ਹੈ। ਸਮੇਂ ਅਨੁਸਾਰ ਇਨ੍ਹਾਂ ਸਮਿਆਂ ਵਿੱਚ 20-30 ਮਿੰਟ ਦੀ ਤਬਦੀਲੀ ਕੀਤੀ ਜਾਂਦੀ ਹੈ। ਗੋਬਿੰਦ ਧਾਮ ਤੋਂ ਸਵੇਰੇ 5.00-5.30 ਵਜੇ ਤੁਰ ਪੈਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਅਰਦਾਸਾਂ ਵਿੱਚ ਹਾਜ਼ਰੀ ਲਗਵਾਈ ਜਾ ਸਕੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ। ਹੇਮਕੁੰਟ ਸਾਹਿਬ ਵਿਖੇ ਸੰਗਤਾਂ ਲਈ ਚਾਹ, ਮੱਠੀਆਂ ਜਾਂ ਹੋਰ ਪਦਾਰਥਾਂ ਦਾ ਲੰਗਰ ਹਰ ਵੇਲੇ ਮਿਲਦਾ ਹੈ। ***ਹਰ ਯਾਤਰੂ ਨੂੰ ਸ਼ਰਧਾ ਮੁਤਾਬਕ "ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਮਹਾਂਵਾਕ ਅਨੁਸਾਰ ਸੁੱਕਾ ਦੁੱਧ, ਚਾਹ ਪੱਤੀ, ਖਾਣ-ਪੀਣ ਦਾ ਸਾਮਾਨ ਜਿਵੇਂ ਬ੍ਰੈੱਡ, ਮੱਠੀਆਂ ਜਾਂ ਸ਼ਰਧਾ ਮੁਤਾਬਿਕ ਹੋਰ ਪਦਾਰਥਾਂ ਆਦਿ ਦੀ ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ।***

# ਫੁੱਲਾਂ ਦੀ ਘਾਟੀ

## (Valley of Flowers)



1931 ਈ: ਦੇ ਆਸ-ਪਾਸ ਇਕ ਅੰਗਰੇਜ਼ ਪਰਵਤ-ਆਰੋਹੀ ਫਰੈਂਕ ਸਮਿਥ ਨੇ ਚਮੌਲੀ (ਗੜਵਾਲ) ਵਿੱਚ ਇਕ ਅੱਠ ਕਿ.ਮੀ. ਲੰਬੇ ਗਲੇਸ਼ੀਅਰ ਦੇ ਲਾਂਘੇ, ਭੂੰਦਰ ਘਾਟੀ ਨੂੰ ਲੱਭਿਆ। ਬਰਫ ਨਾਲ ਢੱਕਿਆ, ਪਹਾੜਾਂ ਵਿੱਚ ਘਿਰਿਆ ਅਤੇ 500 ਤੋਂ ਉੱਪਰ ਭਾਂਤ-ਭਾਂਤ ਦੇ ਫੁੱਲਾਂ ਨਾਲ ਲੱਦਿਆ ਇਹ ਅਸਥਾਨ ਛੇਤੀ ਹੀ ਲੋਕਪ੍ਰਿਯ ਹੋ ਗਿਆ। ਇਥੇ ਖਿੜਨ ਵਾਲੇ ਫੁੱਲ ਸੰਸਾਰ ਵਿੱਚ ਸ਼ਾਇਦ ਹੀ ਹੋਰ ਕਿਧਰੇ ਦੇਖਣ ਨੂੰ ਮਿਲਦੇ ਹੋਣ। ਤਰ੍ਹਾਂ-ਤਰ੍ਹਾਂ ਦੇ ਰੰਗ-ਬਿਰੰਗੇ ਫੁੱਲਾਂ ਨਾਲ ਇਹ ਘਾਟੀ ਹਰ ਵੇਲੇ ਮਹਿਕਦੀ ਰਹਿੰਦੀ ਹੈ। ਫੁੱਲਾਂ ਦੀ ਇਹ ਘਾਟੀ ਸਵਰਗ ਨਾਲੋਂ ਘੱਟ ਨਹੀਂ ਜਾਪਦੀ। ਇਸ ਘਾਟੀ ਦੇ ਫੁੱਲ ਅਗਸਤ-ਸਤੰਬਰ ਵਿੱਚ ਆਪਣੇ ਜੋਬਨ 'ਤੇ ਹੁੰਦੇ ਹਨ। ਘਾਟੀ ਨੂੰ ਕੌਮੀ ਪਾਰਕ ਦੇ ਅਹੁਦੇ ਨਾਲ ਸਨਮਾਨਿਤ ਵੀ ਕੀਤਾ ਗਿਆ।

ਇਸ ਕੌਮੀ ਪਾਰਕ ਵਿੱਚ ਪਸ਼ੂਆਂ/ਜਾਨਵਰਾਂ ਨੂੰ ਚਰਾਉਣ ਦੀ ਸਖਤ ਮਨਾਹੀ ਹੈ। ਸਾਲ ਵਿੱਚ 2-3 ਮਹੀਨੇ (ਜੁਲਾਈ-ਸਤੰਬਰ ਵਿੱਚ) ਫੁੱਲ ਆਪਣੇ ਪੂਰੇ ਜੋਬਨ 'ਤੇ ਹੁੰਦੇ ਹਨ। ਬਾਕੀ ਸਮਾਂ ਤਕਰੀਬਨ ਇਹ ਅਸਥਾਨ ਬਰਫ ਨਾਲ ਕੱਜਿਆ ਰਹਿੰਦਾ ਹੈ। ਇਥੇ ਕਸਤੂਰੀ ਹਿਰਨ, ਲਾਲ ਲੂੰਬੜ, ਲੰਗੂਰ, ਕਾਲੇ ਰਿੱਛ ਅਤੇ ਵੰਨ-ਸੁਵੰਨੀਆਂ ਤਿਤਲੀਆਂ ਭਾਰੀ ਤਾਦਾਦ ਵਿੱਚ ਪਾਈਆਂ ਜਾਂਦੀਆਂ ਹਨ।

*With best compliments from:*
S. Gurmit Singh

**PARTAP MECHANICAL WORKS**
Mfrs : DOG CHUCKS & TRUE CHUCKS
Ram Talai, G. T. Road, AMRITSAR
Mobile : +91 - 98140 50198

# ਸਹਿਯੋਗੀ ਸੱਜਣ


S. Surjit Singh


S. Sukhwinder Singh


S. Gurmit Singh


Dr. Baljit Singh

- S. Bhupinder Singh — **Singapore Gift House**, Golden Cloth Market, Asr.
- Dr. Kulbir Singh — **Dr. Mohinder Singh**, Golden Cloth Market, Asr.
- S. Harminder Singh — **Babbi Hosiery**, Guru Nanak Mkt, Amritsar.
- S. Kawaljit Singh — **Gullu Di Hatti**, Golden Cloth Market, Amritsar
- S. Gurjit Singh — **Unitec Computers**, M. M. Malviya Road, Amritsar
- S. Lakhbir Singh — **Sunny Sales Corporation**, New Azad Ngr, Asr.
- Pappu Garments — Golden Cloth Market, S.W. Gate, Amritsar.
- Ram Singh Di Hatti — Golden Cloth Market, S.W. Gate, Amritsar.
- Chahat Selection — Golden Cloth Market, S.W. Gate, Amritsar.
- Gullu Di Hatti — Golden Cloth Market, S.W. Gate, Amritsar.
- Saluja Emporium — Golden Cloth Market, S.W. Gate, Amritsar.
- S. Pritpal Singh — **Premier Floorings**, 100 Ft Road, Amritsar.
- S. Amrik Singh — **Alliance Rubbers Pvt. Ltd**. Focal Point, Asr.
- S. Sukhtinderpal Singh — **Anand Karyana Store** S.W. Road, Amritsar

ਇਸ ਬੁੱਕਲੈੱਟ ਨੂੰ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਜਾਣਕਾਰੀ ਦਿਓ ਤਾਂ ਜੋ ਸੰਗਤਾਂ ਦੇ ਦਸਵੰਦ ਨਾਲ ਬਣੀ ਇਸ ਬੁੱਕਲੈੱਟ ਦੀ ਸੇਵਾ ਸਫਲ ਹੋ ਸਕੇ। ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਇਸ ਦੀਆਂ ਗ਼ਲਤੀਆਂ ਦੱਸਣ ਅਤੇ ਹੋਰ ਵਧੇਰੇ ਜਾਣਕਾਰੀ ਭਰਪੂਰ ਬਣਾਉਣ ਲਈ ਹੇਠਲੇ ਪਤੇ ’ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਦਰਸ਼ਨਾਰਥੀਆਂ ਦੇ ਸਫਰ ਨੂੰ ਹੋਰ ਸੁਖਾਲਾ ਬਣਾਇਆ ਜਾ ਸਕੇ। ਯਾਤਰਾ ਨੂੰ ਹੋਰ ਸੁਖਾਲਾ ਬਣਾਉਣ ਵਾਸਤੇ ਵੈੱਬ ਸਾਈਟ ਵੀ ਬਣਾਈ ਜਾ ਰਹੀ ਹੈ, ਜਿਸਦਾ ਨਾਂ www.hemkunt.in ਹੈ



**ਮਨਜੀਤ ਸਿੰਘ ਸਤਬੀਰ ਸਿੰਘ**
**(ਬੈੱਸਟ ਕੰਪਿੱਊਟਰ ਸੈਂਟਰ)**
*ਆਫਸੈੱਟ ਪ੍ਰਿੰਟਿੰਗ, ਕੰਪਿਊਟਰ ਟ੍ਰੇਨਿੰਗ ਸੈਂਟਰ*
177-178, ਫਸਟ ਫਲੋਰ, ਗੋਲਡਨ ਕਲਾਥ ਮਾਰਕੀਟ
ਸੁਲਤਾਨਵਿੰਡ ਗੇਟ, ਅੰਮ੍ਰਿਤਸਰ। ਈ-ਮੇਲ : satbir_4@yahoo.com
ਫੋਨ: 0183-5099606, 098157 62315